

2023

# ਮਹੀਨਾਵਾਰ ਖ਼ੁਰਾਕੀ ਸਪਲੀਮੈਂਟ (ਐੱਮ ਐੱਨ ਐੱਸ)

ਇਸ ਹੈਲਪ ਸ਼ੀਟ ਲਈ ਫੰਡ ਹੈਲਥ ਸਾਇੰਸਿਜ਼ ਐਸੋਸੀਏਸ਼ਨ ਔਫ ਬੀ ਸੀ ਅਤੇ ਲਾਅ ਫਾਉਂਡੇਸ਼ਨ ਔਫ ਬੀ ਸੀ ਤੋਂ ਮਿਲੇ ਹਨ।

ਡਿਸਏਬਿਲਟੀ ਅਲਾਇੰਸ ਬੀ ਸੀ ਨੇ ਇਹ ਹੈਲਪ ਸ਼ੀਟ ਮਹੀਨਾਵਾਰ ਖ਼ੁਰਾਕੀ ਸਪਲੀਮੈਂਟ (ਐੱਮ ਐੱਨ ਐੱਸ) ਭੱਤੇ ਲਈ ਮਨਿਸਟਰੀ ਔਫ ਸੋਸ਼ਲ ਡਿਵੈਲਪਮੈਂਟ ਐਂਡ ਪੌਵਰਟੀ ਰਿਡਕਸ਼ਨ (ਐੱਮ ਐੱਸ ਡੀ ਪੀ ਆਰ) ਦਾ ਐਪਲੀਕੇਸ਼ਨ ਫਾਰਮ ਮੁਕੰਮਲ ਕਰਨ ਵਿਚ ਤੁਹਾਡੀ ਮਦਦ ਕਰਨ ਲਈ ਤਿਆਰ ਕੀਤੀ ਹੈ।

ਅਸੀਂ ਤੁਹਾਨੂੰ ਐਪਲੀਕੇਸ਼ਨ ਫਾਰਮ ਭਰਨ ਬਾਰੇ ਕਦਮ ਦਰ ਕਦਮ ਦੱਸਾਂਗੇ, ਅਤੇ ਆਪਣੇ ਡਾਕਟਰ ਜਾਂ ਨਰਸ ਪ੍ਰੈਕਟੀਸ਼ਨਰ ਨੂੰ ਦੇਣ ਲਈ ਨਮੂਨੇ ਦੀ ਚਿੱਠੀ ਦਿਆਂਗੇ।

## ਸ਼ੁਰੂ ਕਰਨਾ

ਐੱਮ ਐੱਨ ਐੱਸ, ਸਿਹਤ ਦੀਆਂ ਖਾਸ ਹਾਲਤਾਂ ਅਤੇ ਥੋੜ੍ਹੇ ਸਮੇਂ ਲਈ ਖ਼ੁਰਾਕੀ ਸਪਲੀਮੈਂਟ ਲਈ ਮਹੀਨਾਵਾਰ ਡਾਇਟ ਸਪਲੀਮੈਂਟ ਨਾਲੋਂ ਵੱਖਰਾ ਹੈ ਜਿਹੜਾ ਇਨਸ਼ੋਅਰ ਜਾਂ ਬੂਸਟ ਵਰਗੀਆਂ ਵਸਤਾਂ ਤਿੰਨ ਮਹੀਨਿਆਂ ਦੇ ਸਮੇਂ ਲਈ ਪ੍ਰਦਾਨ ਕਰਦਾ ਹੈ। ਇਨ੍ਹਾਂ ਸਪਲੀਮੈਂਟਾਂ ਬਾਰੇ ਜਾਣਕਾਰੀ ਲਈ ਕਿਰਪਾ ਕਰਕੇ ਸਾਡੀ **ਹੈਲਪ ਸ਼ੀਟ 7: ਡਿਸਏਬਿਲਟੀਜ਼ ਵਾਲੇ ਲੋਕਾਂ ਲਈ ਸਿਹਤ ਸਪਲੀਮੈਂਟ** ਦੇਖੋ।

ਤੁਸੀਂ ਐੱਮ ਐੱਨ ਐੱਸ ਲਈ ਅਪਲਾਈ **ਨਹੀਂ** ਕਰ ਸਕਦੇ, ਜੇ ਤੁਹਾਡਾ ਮੈਡੀਕਲ ਸਰਵਿਸਿਜ਼ ਓਨਲੀ (ਐੱਮ ਐੱਸ ਓ), ਪਰਸਨਜ਼ ਵਿਦ ਪਰਸਿਸਟੈਂਟ ਮਲਟੀਪਲ ਬੈਰੀਅਰਜ਼ (ਪੀ ਪੀ ਐੱਮ ਬੀ) ਜਾਂ ਆਮ ਇਨਕਮ ਅਸਿਸਟੈਂਸ ਦਾ ਦਰਜਾ ਹੈ, ਜਾਂ ਜੇ ਤੁਸੀਂ ਪਰਸਨਜ਼ ਵਿਦ ਡਿਸਏਬਿਲਟੀਜ਼ (ਪੀ ਡਬਲਯੂ ਡੀ) ਦਰਜੇ ਵਾਲੇ ਕਿਸੇ ਵਿਅਕਤੀ 'ਤੇ ਨਿਰਭਰ ਹੋ।

ਐੱਮ ਐੱਨ ਐੱਸ ਲਈ ਅਪਲਾਈ ਕਰਨ ਲਈ, ਤੁਹਾਡਾ ਪੀ ਡਬਲਯੂ ਡੀ ਦਾ ਦਰਜਾ ਹੋਣਾ ਜ਼ਰੂਰੀ ਹੈ ਅਤੇ ਤੁਹਾਡਾ ਪੀ ਡਬਲਯੂ ਡੀ ਇਨਕਮ ਅਸਿਸਟੈਂਸ ਲੈਂਦੇ ਹੋਣਾ ਜ਼ਰੂਰੀ ਹੈ। ਪਰ, ਪੀ ਡਬਲਯੂ ਡੀ ਦਰਜੇ ਵਾਲਾ ਹਰ ਵਿਅਕਤੀ ਐੱਮ ਐੱਨ ਐੱਸ ਲਈ ਯੋਗ ਨਹੀਂ ਹੋ ਸਕਦਾ।


ਇਸ ਹੈਲਪ ਸ਼ੀਟ ਵਿਚਲੀ ਜਾਣਕਾਰੀ ਉਸ ਕਾਨੂੰਨ 'ਤੇ ਆਧਾਰਿਤ ਹੈ ਜਿਹੜਾ ਇਸ ਲਿਖਤ ਨੂੰ ਲਿਖਣ ਵੇਲੇ ਸੀ। ਕਾਨੂੰਨ ਅਤੇ ਪੌਲਸੀ ਬਦਲ ਸਕਦੇ ਹਨ। ਕਿਰਪਾ ਕਰਕੇ ਇਸ ਹੈਲਪ ਸ਼ੀਟ 'ਤੇ ਤਾਰੀਕ ਚੈੱਕ ਕਰੋ।

# ਐੱਮ ਐੱਨ ਐੱਸ ਨਾਲ ਤੁਹਾਨੂੰ ਕੀ ਮਿਲੇਗਾ

ਮਹੀਨਾਵਾਰ ਖੁਰਾਕੀ ਸਪਲੀਮੈਂਟ ਨੂੰ ਮਹੀਨੇ ਦੇ ਕੁੱਲ 225 ਡਾਲਰ ਲਈ ਦੋ ਹਿੱਸਿਆਂ ਵਿਚ ਵੰਡਿਆ ਜਾਂਦਾ ਹੈ:

1. **ਖੁਰਾਕੀ ਚੀਜ਼ਾਂ: 180 ਡਾਲਰ।** ਭੱਤੇ ਦਾ ਇਹ ਹਿੱਸਾ ਸਿਰਫ ਤਾਂ ਹੀ ਦਿੱਤਾ ਜਾਵੇਗਾ ਜੇ ਤੁਹਾਨੂੰ ਆਪਣੀ ਆਮ ਖੁਰਾਕ ਨੂੰ ਸਪਲੀਮੈਂਟ ਕਰਨ ਦੀ ਲੋੜ ਹੈ। ਤੁਸੀਂ ਇਹ ਸਪਲੀਮੈਂਟ ਅਤੇ ਡਾਇਟ ਸਪਲੀਮੈਂਟ (ਜਿਵੇਂ ਕਿ ਜ਼ਿਆਦਾ ਪ੍ਰੋਟੀਨ ਵਾਲੀ ਖੁਰਾਕ) ਦੋਨੋਂ ਨਹੀਂ ਲੈ ਸਕਦੇ। ਜੇ ਤੁਹਾਨੂੰ ਐੱਮ ਐੱਨ ਐੱਸ ਦੇ ਇਸ ਹਿੱਸੇ ਲਈ ਪ੍ਰਵਾਨਗੀ ਮਿਲਦੀ ਹੈ ਤਾਂ ਤੁਸੀਂ ਆਪਣਾ ਡਾਇਟ ਸਪਲੀਮੈਂਟ ਗੁਆ ਦਿਉਗੇ, ਜੇ ਤੁਹਾਨੂੰ ਮਿਲਦਾ ਹੈ।
2. **ਵਿਟਾਮਿਨ ਜਾਂ ਮਿਨਰਲ ਸਪਲੀਮੈਨਟੇਸ਼ਨ: 45 ਡਾਲਰ।**

# ਐੱਮ ਐੱਨ ਐੱਸ ਲਈ ਯੋਗ ਹੋਣ ਲਈ

ਯੋਗ ਹੋਣ ਲਈ, ਤੁਹਾਡੀ ਕੋਈ ਪੁਰਾਣੀ ਅਤੇ ਵਧ ਕੇ ਵਿਗੜ ਰਹੀ ਹਾਲਤ ਹੋਣੀ ਜ਼ਰੂਰੀ ਹੈ ਜਿਹੜੀ ਸਿੱਧੇ ਤੌਰ 'ਤੇ ਇਨ੍ਹਾਂ ਵਿੱਚੋਂ ਘੱਟੋ ਘੱਟ ਦੋ ਨਿਸ਼ਾਨੀਆਂ ਦਾ ਕਾਰਨ ਬਣ ਰਹੀ ਹੈ:

- ਕਿਸੇ ਮਹੱਤਵਪੂਰਨ ਅੰਗ ਦੀ ਵੱਡੀ ਖਰਾਬੀ
- ਇਮਿਊਨ ਸਪਰੈਸ਼ਨ (ਦਰਮਿਆਨੇ ਤੋਂ ਗੰਭੀਰ)
- ਅਪੂਰਨ ਖੁਰਾਕ
- ਪੱਠਿਆਂ ਦਾ ਵੱਡਾ ਨੁਕਸਾਨ
- ਨਰਵਿਸ ਸਿਸਟਮ ਦਾ ਵੱਡਾ ਵਿਗਾੜ
- ਬਹੁਤ ਭਾਰ ਘਟਣਾ
- ਘੱਟ ਭਾਰ ਵਾਲੀ ਹਾਲਤ।

ਤੁਹਾਡੇ ਡਾਕਟਰ ਜਾਂ ਨਰਸ ਪ੍ਰੈਕਟੀਸ਼ਨਰ ਲਈ ਇਹ ਦੱਸਣਾ ਜ਼ਰੂਰੀ ਹੈ ਕਿ ਤੁਹਾਡੇ ਵਿਚ ਪਛਾਣੀਆਂ ਗਈਆਂ ਮਾੜੀ ਸਿਹਤ ਦੀਆਂ ਨਿਸ਼ਾਨੀਆਂ ਨੂੰ ਘੱਟ ਕਰਨ ਲਈ, ਅਤੇ ਤੁਹਾਡੀ ਜ਼ਿੰਦਗੀ ਨੂੰ ਫੌਰੀ ਖਤਰੇ ਤੋਂ ਰੋਕਥਾਮ ਕਰਨ ਲਈ ਤੁਹਾਨੂੰ ਖੁਰਾਕੀ ਵਸਤਾਂ ਅਤੇ/ਜਾਂ ਵਿਟਾਮਿਨ/ਮਿਨਰਲ ਸਪਲੀਮੈਂਟਾਂ ਦੀ ਲੋੜ ਹੈ। ਇਸ ਦਾ ਮਤਲਬ ਹੈ ਕਿ ਖੁਰਾਕੀ ਸਪਲੀਮੈਂਟ ਤੋਂ ਬਿਨਾਂ ਤੁਹਾਡੀ ਸਿਹਤ ਵਿਚ ਬਹੁਤ ਜ਼ਿਆਦਾ ਵਿਗਾੜ ਆ ਜਾਵੇਗਾ।

ਅਪਲਾਈ ਕਰਨ ਲਈ, ਐੱਮ ਐੱਸ ਡੀ ਪੀ ਆਰ ਨਾਲ ਸੰਪਰਕ ਕਰੋ ਅਤੇ ਮੰਥਲੀ ਨਿਊਟਰੀਸ਼ਨਲ ਸਪਲੀਮੈਂਟ ਐਪਲੀਕੇਸ਼ਨ ਫਾਰਮ ਦੀ ਮੰਗ ਕਰੋ। ਆਪਣੇ ਡਾਕਟਰ ਜਾਂ ਨਰਸ ਪ੍ਰੈਕਟੀਸ਼ਨਰ ਨੂੰ ਇਹ ਫਾਰਮ ਭਰਨ ਅਤੇ ਤੁਹਾਨੂੰ ਵਾਪਸ ਕਰਨ ਲਈ ਕਹੋ। ਫਿਰ, ਫਾਰਮ ਨੂੰ ਐੱਮ ਐੱਸ ਡੀ ਪੀ ਆਰ ਕੋਲ ਦਰਜ ਕਰਵਾਉ।

# ਐੱਮ ਐੱਨ ਐੱਸ ਐਪਲੀਕੇਸ਼ਨ

ਐਪਲੀਕੇਸ਼ਨ ਫਾਰਮ ਵਿਚ ਛੇ ਸਵਾਲ ਹੁੰਦੇ ਹਨ ਅਤੇ ਵਾਧੂ ਵਿਚਾਰਾਂ ਲਈ ਥਾਂ ਹੁੰਦੀ ਹੈ, ਜੋ ਕਿ ਸਾਰੇ ਤੁਹਾਡੇ ਡਾਕਟਰ ਜਾਂ ਨਰਸ ਪ੍ਰੈਕਟੀਸ਼ਨਰ ਵਲੋਂ ਭਰੇ ਜਾਣੇ ਹਨ। ਅਸੀਂ ਐਪਲੀਕੇਸ਼ਨ ਦੇ ਹਰ ਸਵਾਲ ਬਾਰੇ ਗੱਲ ਕਰਾਂਗੇ।

ਅਸੀਂ ਇਹ ਦਿਖਾਉਣ ਲਈ ਵੱਖ ਵੱਖ ਮੈਡੀਕਲ ਹਾਲਤਾਂ ਵਾਲੇ ਅਰਜ਼ੀਕਰਤਾਵਾਂ ਦੀਆਂ ਉਦਾਹਰਣਾਂ ਵਰਤੀਆਂ ਹਨ ਕਿ ਐੱਮ ਐੱਨ ਐੱਸ ਲਈ ਐਪਲੀਕੇਸ਼ਨ ਦੇ ਸਵਾਲਾਂ ਦੇ ਜਵਾਬ ਕਿਵੇਂ ਦਿੱਤੇ ਜਾ ਸਕਦੇ ਹਨ। ਕਿਰਪਾ ਕਰਕੇ ਨੋਟ ਕਰੋ: ਕਿਸੇ ਅਰਜ਼ੀਕਰਤਾ ਦੀ ਮੈਡੀਕਲ ਹਾਲਤ ਅਜਿਹੀ ਹੋ ਸਕਦੀ ਹੈ ਜਿਸ ਦਾ ਜ਼ਿਕਰ ਇਨ੍ਹਾਂ ਉਦਾਹਰਣਾਂ ਵਿਚ ਨਹੀਂ ਕੀਤਾ ਗਿਆ ਹੈ, ਅਤੇ ਉਹ ਅਜੇ ਵੀ ਐੱਮ ਐੱਨ ਐੱਸ ਲਈ ਯੋਗ ਹੈ।

## ਸਵਾਲ 1

**ਕਿਰਪਾ ਕਰਕੇ ਅਰਜ਼ੀਕਰਤਾ ਦੀ ਗੰਭੀਰ ਮੈਡੀਕਲ ਹਾਲਤ (ਹਾਲਤਾਂ) ਬਾਰੇ ਦੱਸੋ:**

ਇਹ ਸਵਾਲ ਅਰਜ਼ੀਕਰਤਾ ਦੀ ਹਾਲਤ ਦੀ ਪਛਾਣ ਕਰਦਾ ਹੈ ਅਤੇ ਇਹ ਵਰਣਨ ਕਰਦਾ ਹੈ ਕਿ ਹਾਲਤ ਗੰਭੀਰ ਕਿਉਂ ਹੈ।

**ਉਦਾਹਰਣ 1:** ਵਿਅਕਤੀ ਨੂੰ ਹੈਪਾਟਾਈਟਸ ਸੀ ਹੈ ਜਿਸ ਨਾਲ ਬੁਖਾਰ, ਚਿੱਤ ਕੱਚਾ ਹੁੰਦਾ ਹੈ ਅਤੇ ਪੱਠਿਆਂ ਅਤੇ ਜੋੜਾਂ ਵਿਚ ਦਰਦ ਹੁੰਦੀ ਹੈ (ਅਤੇ ਸੰਭਵ ਤੌਰ ’ਤੇ ਸਿਰੋਸਿਸ)।

**ਉਦਾਹਰਣ 2:** ਵਿਅਕਤੀ ਨੂੰ ਇਰੀਟੇਬਲ ਬਾਓਲ ਸਿੰਡਰੋਮ ਹੈ ਜਿਸ ਨਾਲ ਬਹੁਤ ਜ਼ਿਆਦਾ ਦਸਤ ਲੱਗਦੇ ਹਨ ਅਤੇ ਕਬਜ਼ ਹੁੰਦੀ ਹੈ।

**ਉਦਾਹਰਣ 3:** ਵਿਅਕਤੀ ਨੂੰ ਸ਼ੂਗਰ (ਡਾਇਬੀਟੀਜ਼) ਹੈ ਅਤੇ ਜੋ ਕਿ ਨਿਊਰੋਪੈਥੀ, ਗੁਰਦੇ ਦੀ ਬੀਮਾਰੀ, ਰੈਟੀਨੋਪੈਥੀ ਅਤੇ ਕਰੌਨਿਕ ਡਾਇਜੈਸਟਿਵ ਸਮੱਸਿਆਵਾਂ ਨਾਲ ਹੋਰ ਵੀ ਗੁੰਝਲਦਾਰ ਹੋ ਗਈ ਹੈ।

**ਉਦਾਹਰਣ 4:** ਵਿਅਕਤੀ ਨੂੰ ਗੰਭੀਰ ਚਿੰਤਾ ਹੁੰਦੀ ਹੈ ਜਿਸ ਨਾਲ ਦਸਤ ਲੱਗਦੇ ਹਨ ਜਾਂ ਉਲਟੀਆਂ ਆਉਂਦੀਆਂ ਹਨ।

## ਸਵਾਲ 2

**ਉੱਪਰ ਦੱਸੀ ਗੰਭੀਰ ਮੈਡੀਕਲ ਹਾਲਤ (ਹਾਲਤਾਂ) ਦੇ ਸਿੱਧੇ ਨਤੀਜੇ ਵਜੋਂ, ਕੀ ਅਰਜ਼ੀਕਰਤਾ ਦਾ ਸਿਹਤ ਦੀ ਕਿਸੇ ਪੁਰਾਣੀ, ਵਿਗੜ ਰਹੀਂ ਹਾਲਤ ਲਈ ਇਲਾਜ ਕੀਤਾ ਜਾ ਰਿਹਾ ਹੈ? ਜੇ ਹਾਂ ਤਾਂ ਕਿਰਪਾ ਕਰਕੇ ਇਲਾਜਾਂ ਬਾਰੇ ਵੇਰਵੇ ਅਤੇ ਕੋਈ ਵੀ ਜਾਣਕਾਰੀ ਦਿਉ ਜਿਸ ਵਿਚ ਕੋਈ ਵੀ ਢੁਕਵੀਂਆਂ ਕਲਿਨੀਕਲ ਜਾਂ ਹਾਲਤ ਦੀ ਪਛਾਣ ਦੀਆਂ ਰਿਪੋਰਟਾਂ ਸ਼ਾਮਲ ਹਨ।**

ਇਹ ਸਵਾਲ ਕਿਸੇ ਵੀ ਉਸ ਮੈਡੀਕਲ ਇਲਾਜ ਬਾਰੇ ਜਾਣਕਾਰੀ ਮੰਗਦਾ ਹੈ ਜਿਹੜਾ ਤੁਹਾਡਾ ਹੋ ਰਿਹਾ ਹੈ, ਜਿਵੇਂ ਕਿ ਦਵਾਈਆਂ, ਪ੍ਰੋਸੀਜਰ ਜਾਂ ਸਰਜਰੀਆਂ, ਅਤੇ ਸਿਹਤ ਦੀ ਪੁਰਾਣੀ ਅਤੇ ਵਿਗੜ ਰਹੀ ਹਾਲਤ ਨੂੰ ਦਿਖਾਉਣ ਲਈ ਮੈਡੀਕਲ ਰਿਪੋਰਟਾਂ।

## ਸਵਾਲ 3

**ਉੱਪਰ ਦੱਸੀ ਗਈ ਸਿਹਤ ਦੀ ਪੁਰਾਣੀ ਅਤੇ ਵਿਗੜ ਰਹੀ ਹਾਲਤ ਦੇ ਸਿੱਧੇ ਨਤੀਜੇ ਵਜੋਂ, ਕੀ ਅਰਜ਼ੀਕਰਤਾ ਇਨ੍ਹਾਂ ਨਿਸ਼ਾਨੀਆਂ ਵਿੱਚੋਂ ਦੋ ਜਾਂ ਜ਼ਿਆਦਾ ਦਿਖਾਉਂਦਾ ਹੈ? ਜੇ ਹਾਂ ਤਾਂ ਕਿਰਪਾ ਕਰਕੇ ਵਿਸਥਾਰ ਵਿਚ ਦੱਸੋ।**

**ਉਦਾਹਰਣ 1: ਹੈਪਾਟਾਈਟਸ ਸੀ**

- ਅਪੂਰਨ ਖੁਰਾਕ – ਹਾਜ਼ਮੇ ਦੀਆਂ ਸਮੱਸਿਆਵਾਂ ਕਰਕੇ ਖੁਰਾਕੀ ਤੱਤ ਚੰਗੀ ਤਰ੍ਹਾਂ ਜਜ਼ਬ ਨਾ ਹੋਣਾ
- ਘੱਟ ਭਾਰ ਹੋਣਾ – ਲੋਅ ਬੌਡੀ ਮਾਸ ਇੰਡੈਕਸ (ਬੀ ਐੱਮ ਆਈ)
- ਬਹੁਤ ਜ਼ਿਆਦਾ ਭਾਰ ਘਟਣਾ – ਇਕ ਸਾਲ ਵਿਚ 30 ਪੌਂਡ ਘਟਣਾ
- ਪੱਠਿਆਂ ਦਾ ਵੱਡਾ ਨੁਕਸਾਨ – ਪੱਠਿਆਂ ਦੀ ਆਮ ਕਮਜ਼ੋਰੀ
- ਦਰਮਿਆਨੇ ਤੋਂ ਗੰਭੀਰ ਇਮਿਊਨ ਸਪਰੈਸ਼ਨ – ਅਕਸਰ ਇਨਫੈਕਸ਼ਨਾਂ ਹੋਣਾ
- ਕਿਸੇ ਮਹੱਤਵਪੂਰਨ ਅੰਗ ਦੀ ਵੱਡੀ ਖਰਾਬੀ – ਸਿਰਹੋਸਿਸ।

### ਉਦਾਹਰਣ 2: ਇਰੀਟੇਬਲ ਬਾਓਲ ਸਿੰਡਰੋਮ

- ਅਪੂਰਨ ਖੁਰਾਕ – ਬਹੁਤ ਜ਼ਿਆਦਾ ਦਸਤ ਲੱਗਣ ਕਰਕੇ ਖੁਰਾਕ ਹਜ਼ਮ ਨਾ ਹੋਣਾ
- ਬਹੁਤ ਜ਼ਿਆਦਾ ਭਾਰ ਘਟਣਾ – ਪਿਛਲੇ ਸਾਲ ਵਿਚ 25 ਪੌਂਡ
- ਪੱਠਿਆਂ ਦਾ ਵੱਡਾ ਨੁਕਸਾਨ – ਪੱਠਿਆਂ ਦੀ ਆਮ ਕਮਜ਼ੋਰੀ।

### ਉਦਾਹਰਣ 3: ਸ਼ੂਗਰ

- ਅਪੂਰਨ ਖੁਰਾਕ – ਆਮ ਹੀ ਦਸਤ ਲੱਗਣ, ਉਲਟੀਆਂ ਆਉਣ ਅਤੇ ਕਬਜ਼ ਕਰਕੇ ਖੁਰਾਕ ਹਜ਼ਮ ਨਾ ਹੋਣਾ
- ਵੱਡੀ ਨਿਊਰੋਲੌਜੀਕਲ ਡੀਜਨਰੇਸ਼ਨ – ਪੈਰਾਂ ਅਤੇ ਹੱਥਾਂ ਵਿਚ ਨਿਊਰੋਪੈਥੀ
- ਦਰਮਿਆਨੇ ਤੋਂ ਗੰਭੀਰ ਇਮਿਊਨ ਸਪਰੈਸ਼ਨ – ਮਸੂੜਿਆਂ ਅਤੇ ਬਲੈਡਰ ਦੀਆਂ ਅਕਸਰ ਇਨਫੈਕਸ਼ਨਾਂ, ਜ਼ਖਮ ਹੌਲੀ ਹੌਲੀ ਠੀਕ ਹੋਣਾ
- ਕਿਸੇ ਮਹੱਤਵਪੂਰਨ ਅੰਗ ਦੀ ਵੱਡੀ ਖਰਾਬੀ – ਗੁਰਦੇ ਦਾ ਨੁਕਸਾਨ ਰੈਟੀਨੋਪੈਥੀ।

### ਉਦਾਹਰਣ 4: ਗੰਭੀਰ ਚਿੰਤਾ

- ਅਪੂਰਨ ਖੁਰਾਕ – ਬਹੁਤ ਜ਼ਿਆਦਾ ਦਸਤ ਲੱਗਣ ਕਰਕੇ ਖੁਰਾਕ ਹਜ਼ਮ ਨਾ ਹੋਣਾ
- ਪੱਠਿਆਂ ਦਾ ਵੱਡਾ ਨੁਕਸਾਨ – ਪੱਠਿਆਂ ਦੀ ਆਮ ਕਮਜ਼ੋਰੀ
- ਵੱਡੀ ਨਿਊਰੋਲੌਜੀਕਲ ਡੀਜਨਰੇਸ਼ਨ – ਧਿਆਨ ਲਾਉਣ ਅਤੇ ਯਾਦਦਾਸ਼ਤ ਦੀਆਂ ਸਮੱਸਿਆਵਾਂ।

## ਸਵਾਲ 4

### ਕਿਰਪਾ ਕਰਕੇ ਅਰਜ਼ੀਕਰਤਾ ਦਾ ਕੱਦ ਅਤੇ ਭਾਰ ਦੱਸੋ।

ਇਹ ਸਵਾਲ ਵਿਅਕਤੀ ਦੇ ਬੌਡੀ ਮਾਸ ਇੰਡੈਕਸ ਨਾਲ ਸੰਬੰਧਿਤ ਹੈ। ਫਿਰ ਵੀ, ਭਾਰ ਜ਼ਿਆਦਾ ਹੋਣਾ ਅਤੇ ਆਮ ਖੁਰਾਕ ਦੇ ਇਲਾਵਾ ਅਜੇ ਵੀ ਖੁਰਾਕੀ ਵਸਤਾਂ ਦੀ ਲੋੜ ਹੋਣਾ ਸੰਭਵ ਹੈ। ਇਸ ਦੇ ਨਾਲ ਹੀ, ਕੁਝ ਦਵਾਈਆਂ, ਜਿਵੇਂ ਕਿ ਸਟੀਰੌਇਡਜ਼ ਅਤੇ ਮੂਡ ਵਿਚ ਵਿਗਾੜ ਅਤੇ ਮਾਨਸਿਕ ਸਿਹਤ ਦੀਆਂ ਹੋਰ ਸਮੱਸਿਆਵਾਂ ਦੇ ਇਲਾਜ ਲਈ ਵਰਤੀਆਂ ਜਾਂਦੀਆਂ ਕੁਝ ਦਵਾਈਆਂ ਭਾਰ ਵਧਾ ਸਕਦੀਆਂ ਹਨ। ਜੇ ਤੁਹਾਡਾ ਭਾਰ ਨੌਰਮਲ ਹੈ ਜਾਂ ਜ਼ਿਆਦਾ ਹੈ ਅਤੇ ਸਿਹਤ ਦੇ ਕਾਰਨਾਂ ਕਰਕੇ ਖੁਰਾਕ ਅਪੂਰਨ ਹੈ ਤਾਂ ਇਹ ਮਦਦ ਕਰਨ ਵਾਲਾ ਹੈ ਜੇ ਤੁਹਾਡਾ ਡਾਕਟਰ ਇੱਥੇ ਦੱਸਦਾ ਹੈ ਕਿ ਭਾਵੇਂ ਤੁਹਾਡਾ ਭਾਰ ਨੌਰਮਲ ਜਾਂ ਜ਼ਿਆਦਾ ਹੈ, ਤੁਹਾਡੀ ਖੁਰਾਕ ਅਪੂਰਨ ਹੈ।

## ਸਵਾਲ 5

### ਵਿਟਾਮਿਨ ਅਤੇ ਮਿਨਰਲ ਸਪਲੀਮੈਂਟ

ਇਹ ਸਪਲੀਮੈਂਟ ਸਵਾਲ 3 ਵਿਚ ਦੱਸੀਆਂ ਗਈਆਂ ਗੰਭੀਰ ਨਿਸ਼ਾਨੀਆਂ ਦਾ ਇਲਾਜ ਕਰਦੇ ਹਨ।

### ਲੋੜੀਂਦੇ ਵਿਟਾਮਿਨ ਜਾਂ ਮਿਨਰਲ ਸਪਲੀਮੈਂਟ(ਸ) ਬਾਰੇ ਅਤੇ ਉਹ ਲੈਣ ਦੇ ਅਨੁਮਾਨਤ ਸਮੇਂ ਬਾਰੇ ਦੱਸੋ।

ਹਰ ਵਿਟਾਮਿਨ ਅਤੇ ਮਿਨਰਲ ਸਪਲੀਮੈਂਟ ਬਾਰੇ ਦੱਸਣਾ ਜ਼ਰੂਰੀ ਹੈ (ਜਿਵੇਂ ਮਲਟੀਵਿਟਾਮਿਨ ਅਤੇ ਮਿਨਰਲ ਸਪਲੀਮੈਂਟ, ਹਾਈ ਪੋਟੈਂਸੀ ਵਿਟਾਮਿਨ ਬੀ ਕੰਪਲੈਕਸ, ਕੈਲਸ਼ੀਅਮ ਵਿਟਾਮਿਨ ਡੀ ਨਾਲ, ਹਾਈ ਪੋਟੈਂਸੀ ਵਿਟਾਮਿਨ ਸੀ)। ਐੱਮ ਐੱਨ ਐੱਸ ਲਈ ਯੋਗ ਹੋਣ ਲਈ ਲੋੜ ਦਾ ਸਮਾਂ ਲੰਮਾ ਹੋਣਾ ਜ਼ਰੂਰੀ ਹੈ।

**ਇਹ ਵਰਣਨ ਕਰੋ ਕਿ ਇਹ ਚੀਜ਼ ਜਾਂ ਚੀਜ਼ਾਂ ਦੱਸੀਆਂ ਗਈਆਂ ਖਾਸ ਨਿਸ਼ਾਨੀਆਂ ਨੂੰ ਕਿਵੇਂ ਘੱਟ ਕਰਨਗੀਆਂ।**
ਇਹ ਸਵਾਲ ਇਹ ਤਸਦੀਕ ਕਰਨ ਲਈ ਕਹਿੰਦਾ ਹੈ ਕਿ ਸਵਾਲ 1 ਵਿਚ ਦੱਸੀਆਂ ਗਈਆਂ ਸਿਹਤ ਦੀਆਂ ਗੰਭੀਰ ਹਾਲਤਾਂ ਕਾਰਨ ਪੈਦਾ ਹੋਏ ਸਿਹਤ ਵਿਚ ਵਿਗਾੜ ਨੂੰ ਅੱਗੇ ਹੋਰ ਘੱਟ ਕਰਨ ਲਈ ਚੀਜ਼ਾਂ ਦੀ ਲੋੜ ਹੈ, ਜਿਸ ਦਾ ਨਤੀਜਾ ਸਵਾਲ 3 ਵਿਚ ਦਿੱਤੀਆਂ ਗਈਆਂ ਨਿਸ਼ਾਨੀਆਂ ਵਿਚ ਨਿਕਲਦਾ ਹੈ। ਬਾਇਓਕੈਮੀਕਲ ਵਿਸ਼ਲੇਸ਼ਣ ਦੀ ਲੋੜ ਨਹੀਂ ਹੈ।

**ਇਹ ਵਰਣਨ ਕਰੋ ਕਿ ਇਹ ਚੀਜ਼ ਜਾਂ ਚੀਜ਼ਾਂ ਅਰਜ਼ੀਕਰਤਾ ਦੀ ਜ਼ਿੰਦਗੀ ਨੂੰ ਫੌਰੀ ਖਤਰੇ ਤੋਂ ਰੋਕਥਾਮ ਕਿਵੇਂ ਕਰਨਗੀਆਂ।**
ਇਹ ਸਵਾਲ ਇਹ ਤਸਦੀਕ ਕਰਨ ਲਈ ਕਹਿੰਦਾ ਹੈ ਕਿ ਤੁਹਾਡੀ ਮੈਡੀਕਲ ਹਾਲਤ ਉਸ ਪੜਾ ’ਤੇ ਹੈ ਜਿੱਥੇ ਸਿਹਤ ਵਿਚ ਵਿਗਾੜ ਅਤੇ ਇਸ ਤੋਂ ਬਾਅਦ ਦੇ ਸਿਹਤ ਨੂੰ ਖਤਰਿਆਂ ਨੂੰ ਘੱਟ ਕਰਨ ਲਈ ਖੁਰਾਕੀ ਦਖਲਅੰਦਾਜ਼ੀ ਦੀ ਲੋੜ ਹੈ।

# ਸਵਾਲ 6

## ਖੁਰਾਕੀ ਚੀਜ਼ਾਂ

ਆਮ ਖੁਰਾਕ ਦੇ ਇਲਾਵਾ, ਵਾਧੂ ਕੈਲਰੀਆਂ ਦੇਣ ਦੇ ਸ੍ਰੋਤ ਲਈ ਖੁਰਾਕੀ ਚੀਜ਼ਾਂ ਦੇਣਾ ਜ਼ਰੂਰੀ ਹੋਣਾ ਚਾਹੀਦਾ ਹੈ। ਖਾਸ ਖੁਰਾਕ ਲਈ ਚੀਜ਼ਾਂ, ਜਿਵੇਂ ਕਿ ਔਰਗੈਨਿਕ, ਵੈਜੀਟੇਰੀਅਨ ਜਾਂ ਗਲੂਟਨ-ਫ੍ਰੀ, ਐੱਮ ਐੱਨ ਐੱਸ ਲਈ ਯੋਗ ਨਹੀਂ ਹਨ।

**ਲੋੜੀਂਦੀਆਂ ਵਾਧੂ ਖੁਰਾਕੀ ਚੀਜ਼ਾਂ ਬਾਰੇ ਅਤੇ ਲੋੜ ਦੇ ਅਨੁਮਾਨਤ ਸਮੇਂ ਬਾਰੇ ਦੱਸੋ:**
ਆਮ ਖੁਰਾਕ ਦੇ ਇਲਾਵਾ ਵਾਧੂ ਲੋੜੀਂਦੀਆਂ ਕੈਲਰੀਆਂ ਦੇ ਹਰ ਸ੍ਰੋਤ ਬਾਰੇ ਦੱਸਿਆ ਜਾਣਾ ਚਾਹੀਦਾ ਹੈ (ਜਿਵੇਂ, “ਆਮ ਖੁਰਾਕ ਦੇ ਇਲਾਵਾ, ਅਰਜ਼ੀਕਰਤਾ ਨੂੰ ਰੋਜ਼ ਤਾਜ਼ੇ ਫਲਾਂ-ਸਬਜ਼ੀਆਂ, ਮੱਛੀ, ਪੋਲਟਰੀ ਅਤੇ ਲੀਨ ਰੈੱਡ ਮੀਟ ਦੇ ਰੂਪ ਵਿਚ ਵਾਧੂ ਕੈਲਰੀਆਂ ਦੀ ਲੋੜ ਹੈ ਜਾਂ ਬੂਸਟ/ਇਨਸ਼ੋਅਰ/ਗਲੂਸਰਨਾ ਦੇ ਤਿੰਨ ਕੈਨਾਂ ਜਾਂ ਇਨ੍ਹਾਂ ਦੇ ਕਿਸੇ ਸੁਮੇਲ ਦੀ ਲੋੜ ਹੈ।”)।

**ਉਦਾਹਰਣ 1:** ਇਰੀਟੇਬਲ ਬਾਓਲ ਸਿੰਡਰੋਮ ਵਾਲੇ ਕਿਸੇ ਵਿਅਕਤੀ ਨੂੰ ਤਾਜ਼ੇ ਫਲ-ਸਬਜ਼ੀਆਂ, ਮੱਛੀ ਅਤੇ ਪੋਲਟਰੀ ਦੇ ਰੂਪ ਵਿਚ ਕੈਲਰੀਆਂ ਦੀ ਰੋਜ਼ਾਨਾ ਸਪਲੀਮੈਨਟੇਸ਼ਨ ਦਿੱਤੀ ਜਾ ਸਕਦੀ ਹੈ।

**ਉਦਾਹਰਣ 2:** ਸ਼ੂਗਰ ਵਾਲੇ ਕਿਸੇ ਵਿਅਕਤੀ ਨੂੰ ਗਲੂਸਰਨਾ ਦੇ ਦੋ ਜਾਂ ਤਿੰਨ ਕੈਨਾਂ ਦੇ ਰੂਪ ਵਿਚ ਕੈਲਰੀਆਂ ਦੀ ਰੋਜ਼ਾਨਾ ਸਪਲੀਮੈਨਟੇਸ਼ਨ ਦਿੱਤੀ ਜਾ ਸਕਦੀ ਹੈ।

**ਕੀ ਇਸ ਅਰਜ਼ੀਕਰਤਾ ਦੀ ਕੋਈ ਮੈਡੀਕਲ ਹਾਲਤ ਹੈ ਜਿਸ ਦਾ ਨਤੀਜਾ ਆਮ ਖੁਰਾਕ ਰਾਹੀਂ ਰੋਜ਼ਾਨਾ ਲੋੜਾਂ ਨੂੰ ਸੰਤੁਸ਼ਟ ਕਰਨ ਲਈ ਢੁਕਵੀਂਆਂ ਕੈਲਰੀਆਂ ਨੂੰ ਜਜ਼ਬ ਕਰਨ ਦੀ ਅਸਮਰੱਥਾ ਵਿਚ ਨਿਕਲਦਾ ਹੈ? ਜੇ ਹਾਂ ਤਾਂ ਕਿਰਪਾ ਕਰਕੇ ਵਰਣਨ ਕਰੋ।**

ਢੁਕਵੀਂਆਂ ਕੈਲਰੀਆਂ ਨੂੰ ਜਜ਼ਬ ਕਰਨ ਦੀ ਅਸਮਰੱਥਾ ਸਿਹਤ ਦੇ ਪੁਰਾਣੇ ਵਧ ਰਹੇ ਵਿਗਾੜ ਦਾ ਸਿੱਧਾ ਨਤੀਜਾ ਹੋਣਾ ਜ਼ਰੂਰੀ ਹੈ।

**ਉਦਾਹਰਣ 1:** ਵਿਅਕਤੀ ਨੂੰ ਕਰੋਹਨ’ਜ਼ ਡਿਜ਼ੀਜ਼ ਹੈ, ਜਿਸ ਨਾਲ ਉਸ ਨੂੰ ਗੰਭੀਰ ਦਸਤ ਲੱਗਦੇ ਹਨ ਅਤੇ ਕਬਜ਼ ਹੁੰਦੀ ਹੈ ਜਿਸ ਦਾ ਸਿੱਧਾ ਨਤੀਜਾ ਖੁਰਾਕ ਦੇ ਸਹੀ ਤਰ੍ਹਾਂ ਜਜ਼ਬ ਨਾ ਹੋਣ ਵਿਚ ਨਿਕਲਦਾ ਹੈ।

**ਉਦਾਹਰਣ 2:** ਵਿਅਕਤੀ ਨੂੰ ਗੰਭੀਰ ਡਿਪਰੈਸ਼ਨ ਹੈ ਜਿਹੜਾ ਉਸ ਦੀ ਭੁੱਖ ਘਟਾਉਂਦਾ ਹੈ ਅਤੇ ਅਸਿੱਧੇ ਰੂਪ ਵਿਚ ਭਾਰ ਘਟਣ ਦਾ ਕਾਰਨ ਬਣਦਾ ਹੈ। ਇਹ ਐਪਲੀਕੇਸ਼ਨ ਕਾਮਯਾਬ ਨਹੀਂ ਹੋਵੇਗੀ ਕਿਉਂਕਿ ਡਿਪਰੈਸ਼ਨ ਸਿੱਧੇ ਰੂਪ ਵਿਚ ਖਾਣੇ ਨੂੰ ਜਜ਼ਬ ਕਰਨ ਦੀ ਅਸਮਰੱਥਾ ਦਾ ਕਾਰਨ ਨਹੀਂ ਬਣਦਾ।

**ਇਹ ਵਰਣਨ ਕਰੋ ਕਿ ਲੋੜੀਂਦੀਆਂ ਖੁਰਾਕੀ ਚੀਜ਼ਾਂ ਸਵਾਲ 3 ਵਿਚ ਦੱਸੀਆਂ ਗਈਆਂ ਨਿਸ਼ਾਨੀਆਂ ਵਿੱਚੋਂ ਇਕ ਜਾਂ ਜ਼ਿਆਦਾ ਨੂੰ ਘੱਟ ਕਰਨਗੀਆਂ ਅਤੇ ਆਮ ਖੁਰਾਕ ਲਈ ਕੈਲਰੀ ਵਾਲੀ ਸਪਲੀਮੈਨਟੇਸ਼ਨ ਦੇਣਗੀਆਂ।**
ਇਹ ਸਵਾਲ ਇਹ ਤਸਦੀਕ ਕਰਨ ਲਈ ਕਹਿੰਦਾ ਹੈ ਕਿ ਸਵਾਲ 1 ਵਿਚ ਦੱਸੀਆਂ ਗਈਆਂ ਸਿਹਤ ਦੀਆਂ ਗੰਭੀਰ ਹਾਲਤਾਂ ਕਾਰਨ ਪੈਦਾ ਹੋਏ ਸਿਹਤ ਵਿਚ ਵਿਗਾੜ ਨੂੰ ਅੱਗੇ ਹੋਰ ਘੱਟ ਕਰਨ ਲਈ ਵਾਧੂ ਕੈਲਰੀਆਂ ਦੀ ਲੋੜ ਹੈ, ਜਿਸ ਦਾ ਨਤੀਜਾ ਸਵਾਲ 3 ਵਿਚ ਦਿੱਤੀਆਂ ਗਈਆਂ ਨਿਸ਼ਾਨੀਆਂ ਵਿਚ ਨਿਕਲਦਾ ਹੈ। ਬਾਇਓਕੈਮੀਕਲ ਵਿਸ਼ਲੇਸ਼ਣ ਦੀ ਲੋੜ ਨਹੀਂ ਹੈ।

**ਇਹ ਵਰਣਨ ਕਰੋ ਕਿ ਖੁਰਾਕੀ ਚੀਜ਼ਾਂ ਕਿਵੇਂ ਅਰਜ਼ੀਕਰਤਾ ਦੀ ਜ਼ਿੰਦਗੀ ਨੂੰ ਫੌਰੀ ਖਤਰੇ ਤੋਂ ਰੋਕਥਾਮ ਕਰਨਗੀਆਂ:**
ਇਹ ਸਵਾਲ ਇਹ ਤਸਦੀਕ ਕਰਨ ਲਈ ਕਹਿੰਦਾ ਹੈ ਕਿ ਤੁਹਾਡੀ ਮੈਡੀਕਲ ਹਾਲਤ ਉਸ ਪੜਾ ’ਤੇ ਹੈ ਜਿੱਥੇ ਸਿਹਤ ਵਿਚ ਵਿਗਾੜ ਅਤੇ ਇਸ ਤੋਂ ਬਾਅਦ ਦੇ ਸਿਹਤ ਨੂੰ ਖਤਰਿਆਂ ਨੂੰ ਘੱਟ ਕਰਨ ਲਈ ਖੁਰਾਕੀ ਦਖਲਅੰਦਾਜ਼ੀ ਦੀ ਲੋੜ ਹੈ।

## ਹੋਰ ਟਿੱਪਣੀਆਂ

ਜੇ ਤੁਹਾਨੂੰ ਪਹਿਲਾਂ ਹੀ ਮਹੀਨਾਵਾਰ ਡਾਇਟ ਸਪਲੀਮੈਂਟ ਮਿਲਦਾ ਹੈ ਤਾਂ ਹੋਰ ਟਿੱਪਣੀਆਂ ਲਈ ਥਾਂ ਤੁਹਾਡੇ ਡਾਕਟਰ ਜਾਂ ਨਰਸ ਪ੍ਰੈਕਟੀਸ਼ਨਰ ਲਈ ਇਹ ਜ਼ਿਕਰ ਕਰਨ ਲਈ ਇਕ ਚੰਗੀ ਥਾਂ ਹੈ ਕਿ ਖੁਰਾਕੀ ਸਪਲੀਮੈਨਟੇਸ਼ਨ ਲਈ ਤੁਹਾਡੀ ਲੋੜ ਪੂਰੀ ਕਰਨ ਲਈ ਤੁਹਾਡਾ ਡਾਇਟ ਅਲਾਊਂਸ ਕਾਫੀ ਨਹੀਂ ਹੈ।

## ਅਪੀਲ ਕਰਨ ਦਾ ਹੱਕ

ਵਿਟਾਮਿਨ ਅਤੇ ਮਿਨਰਲ ਸਪਲੀਮੈਂਟ, ਖੁਰਾਕੀ ਚੀਜ਼ਾਂ ਜਾਂ ਦੋਨਾਂ ਤੋਂ ਨਾਂਹ ਹੋ ਸਕਦੀ ਹੈ ਅਤੇ ਤੁਹਾਨੂੰ ਅਪੀਲ ਕਰਨ ਦਾ ਹੱਕ ਹੈ। ਜੇ ਤੁਸੀਂ ਅਪੀਲ ਕਰਨਾ ਚਾਹੁੰਦੇ ਹੋਵੋ ਤਾਂ ਨਾਂਹ ਵਾਲੀ ਚਿੱਠੀ ਮਿਲਣ ਤੋਂ ਫੌਰਨ ਬਾਅਦ ਐੱਮ ਐੱਸ ਡੀ ਪੀ ਆਰ ਨਾਲ ਸੰਪਰਕ ਕਰੋ। ਆਪਣੀ ਅਪੀਲ ਵਿਚ ਮਦਦ ਲਈ ਤੁਸੀਂ ਕਿਸੇ ਐਡਵੋਕੇਟ (ਹਿਮਾਇਤੀ) ਨੂੰ ਵੀ ਪੁੱਛਣਾ ਚਾਹੁੰਦੇ ਹੋ ਸਕਦੇ ਹੋ।

# ਡਾਕਟਰਾਂ ਅਤੇ ਨਰਸ ਪ੍ਰੈਕਟੀਸ਼ਨਰਾਂ ਨੂੰ ਚਿੱਠੀ

ਪਿਆਰੇ ਡਾਕਟਰ/ਨਰਸ ਪ੍ਰੈਕਟੀਸ਼ਨਰ:

ਤੁਹਾਡਾ ਮਰੀਜ਼ ਮਹੀਨਾਵਾਰ ਖੁਰਾਕੀ ਸਪਲੀਮੈਂਟ (ਐੱਮ ਐੱਨ ਐੱਸ) ਲਈ ਅਪਲਾਈ ਕਰ ਰਿਹਾ ਹੈ ਅਤੇ ਉਸ ਨੂੰ ਐਪਲੀਕੇਸ਼ਨ ਕਰਨ ਵਿਚ ਤੁਹਾਡੀ ਮਦਦ ਦੀ ਲੋੜ ਹੈ। ਸਾਨੂੰ ਆਸ ਹੈ ਕਿ ਆਪਣੇ ਮਰੀਜ਼ ਦੀ ਐਪਲੀਕੇਸ਼ਨ ਭਰਨ ਤੋਂ ਪਹਿਲਾਂ ਤੁਹਾਨੂੰ ਉਸ ਨਾਲ ਐਪਲੀਕੇਸ਼ਨ ਬਾਰੇ ਵਿਚਾਰ ਕਰਨ ਦਾ ਮੌਕਾ ਮਿਲੇਗਾ। ਐੱਮ ਐੱਨ ਐੱਸ ਲਈ ਯੋਗ ਹੋਣ ਲਈ:

- ਅਰਜ਼ੀਕਰਤਾ ਦੀ ਗੰਭੀਰ ਮੈਡੀਕਲ ਹਾਲਤ (ਹਾਲਤਾਂ) ਕਰਕੇ ਸਿਹਤ ਦੀ ਕੋਈ ਪੁਰਾਣੀ, ਵਿਗੜ ਰਹੀ ਹਾਲਤ ਹੋਣਾ ਜ਼ਰੂਰੀ ਹੈ ਅਤੇ
- ਸਿਹਤ ਦੀ ਪੁਰਾਣੀ ਵਿਗੜ ਰਾਹੀਂ ਹਾਲਤ ਦੇ ਸਿੱਧੇ ਨਤੀਜੇ ਵਜੋਂ ਅਰਜ਼ੀਕਰਤਾ ਦਾ ਇਨ੍ਹਾਂ ਨਿਸ਼ਾਨੀਆਂ ਵਿੱਚੋਂ ਦੋ ਜਾਂ ਜ਼ਿਆਦਾ ਦਿਖਾਉਂਦੇ ਹੋਣਾ ਜ਼ਰੂਰੀ ਹੈ:
  - ਅਪੂਰਨ ਖੁਰਾਕ
  - ਘੱਟ ਭਾਰ ਹੋਣਾ
  - ਬਹੁਤ ਜ਼ਿਆਦਾ ਭਾਰ ਘਟਣਾ
  - ਪੱਠਿਆਂ ਦਾ ਵੱਡਾ ਨੁਕਸਾਨ
  - ਕਾਫੀ ਜ਼ਿਆਦਾ ਨਿਊਰੋਲੌਜੀਕਲ ਵਿਗਾੜ
  - ਦਰਮਿਆਨੇ ਤੋਂ ਗੰਭੀਰ ਇਮਿਊਨ ਸਪਰੈਸ਼ਨ
  - ਕਿਸੇ ਮਹੱਤਵਪੂਰਨ ਅੰਗ ਦੀ ਵੱਡੀ ਖਰਾਬੀ – (ਕਿਰਪਾ ਕਰਕੇ ਬਿਆਨ ਕਰੋ)

  ਅਤੇ
- ਐਪਲੀਕੇਸ਼ਨ ਵਿਚ ਮੰਗੀਆਂ ਗਈਆਂ ਚੀਜ਼ਾਂ:
  - ਉਨ੍ਹਾਂ ਖਾਸ ਨਿਸ਼ਾਨੀਆਂ ਨੂੰ ਘੱਟ ਕਰਨਗੀਆਂ, ਅਤੇ
  - ਅਰਜ਼ੀਕਰਤਾ ਦੀ ਜ਼ਿੰਦਗੀ ਨੂੰ ਫੌਰੀ ਖਤਰੇ ਤੋਂ ਰੋਕਥਾਮ ਕਰਨਗੀਆਂ (ਜਿਵੇਂ ਅਰਜ਼ੀਕਰਤਾ ਦੀ ਮੈਡੀਕਲ ਹਾਲਤ ਉਸ ਪੜਾ 'ਤੇ ਹੈ ਜਿੱਥੇ ਸਿਹਤ ਵਿਚ ਵਿਗਾੜ ਅਤੇ ਇਸ ਤੋਂ ਬਾਅਦ ਦੇ ਸਿਹਤ ਨੂੰ ਖਤਰਿਆਂ ਨੂੰ ਘੱਟ ਕਰਨ ਲਈ ਖੁਰਾਕੀ ਦਖਲਅੰਦਾਜ਼ੀ ਦੀ ਲੋੜ ਹੈ)।

ਉਪਰਲੀ ਰੂਪਰੇਖਾ ਐੱਮ ਐੱਨ ਐੱਸ ਲਈ ਯੋਗਤਾ ਦੇ ਮੁੱਖ ਮਾਪਦੰਡ ਦਾ ਵਰਣਨ ਕਰਦੀ ਹੈ। ਐਪਲੀਕੇਸ਼ਨ ਭਰਨ ਤੋਂ ਬਾਅਦ ਕਿਰਪਾ ਕਰਕੇ ਇਸ ਨੂੰ ਆਪਣੇ ਮਰੀਜ਼ ਨੂੰ ਵਾਪਸ ਕਰ ਦਿਉ ਤਾਂ ਜੋ ਉਹ ਇਸ ਨੂੰ ਮਨਿਸਟਰੀ ਦੇ ਆਪਣੇ ਦਫਤਰ ਨੂੰ ਲਿਜਾ ਸਕੇ।

**ਮਦਦ ਕਰਨ ਅਤੇ ਸਹਿਯੋਗ ਦੇਣ ਲਈ ਤੁਹਾਡਾ ਧੰਨਵਾਦ।**

**ਇਹ ਹੈਲਪ ਸ਼ੀਟ ਡਿਸਏਬਿਲਟੀ ਅਲਾਇੰਸ ਬੀ ਸੀ ਦੇ ਇਕ ਪ੍ਰੋਗਰਾਮ ਐਡਵੋਕੇਸੀ ਐਕਸੈੱਸ ਵਲੋਂ ਤਿਆਰ ਕੀਤੀ ਗਈ ਸੀ। ਬੀ ਸੀ ਡਿਸਏਬਿਲਟੀ ਹੈਲਪ ਸ਼ੀਟਾਂ ਲਈ ਫੰਡ ਦੇਣ ਵਾਸਤੇ ਹੈਲਥ ਸਾਇੰਸਿਜ਼ ਐਸੋਸੀਏਸ਼ਨ ਔਫ ਬ੍ਰਿਟਿਸ਼ ਕੋਲੰਬੀਆ ਅਤੇ ਲਾਅ ਫਾਉਂਡੇਸ਼ਨ ਔਫ ਬ੍ਰਿਟਿਸ਼ ਕੋਲੰਬੀਆ ਦਾ ਧੰਨਵਾਦ।**

1450-605 Robson St., Vancouver, BC V6B 5J3 • ਟੈਲੀਫੋਨ: 604-872-1278 • ਫੈਕਸ 604-875-9227
ਟੋਲ ਫਰੀ 1-800-663-1278 • www.disabilityalliancebc.org

ਹੈਲਪ ਸ਼ੀਟਾਂ ਦੀ ਪੂਰੀ ਲੜੀ ਅਤੇ ਡੀ ਏ ਬੀ ਸੀ ਦੀਆਂ ਸਾਰੀਆਂ ਲਿਖਤਾਂ ਇੱਥੇ ਮੁਫਤ ਉਪਲਬਧ ਹਨ:
https://disabilityalliancebc.org/publications.